ਬੱਚਿਆਂ ਲਈ ਬਾਈਬਲ

ਉੱਪਸਥਿਤ



# ਅਲੀਸ਼ਾ, ਚਮਤਕਾਰਾਂ ਦਾ ਮਨੁੱਖ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਉੱਥੇ ਖੁਦਾਈ ਲਈ ਜਿਆਦਾ ਬਲਦ ਨਹੀ ਸਨ। ਇੱਕ ਹੋਰ ਚਾਹੀਦਾ ਸੀ। ਉਹ ਜਵਾਨ ਕਿਸਾਨ ਜਿਸ ਨੂੰ ਅਲੀਸ਼ਾ ਕਹਿੰਦੇ ਸਨ ਨਾ ਰੋਕ ਸਕੇ! ਉਸਨੇ ਆਪਣੇ ਆਪ ਨੂੰ ਲਾਪਤਾ ਬਲਦ ਦੀ ਜਗ੍ਹ ਤੇ ਜੋਤਿਆ।

ਉਹ ਜ਼ਰੂਰ ਤਾਕਤਵਰ, ਬੁੱਧੀਮਾਨ ਅਤੇ ਸਖ਼ਤ ਮਿਹਨਤ ਕਰਨ ਵਾਲਾ ਮਨੁੱਖ ਹੋਵੇਗਾ।




ਜਦ ਅਲੀਸ਼ਾ ਖੇਤ ਵਾਹ ਰਿਹਾ ਸੀ, ਪਰਮੇਸ਼ਵਰ ਦੇ ਨਬੀ ਏਲੀਯਾਹ ਆਇਆ ਅਤੇ ਉਸਨੂੰ ਬੁਲਾਇਆ। ਜਵਾਨ ਮਨੁੱਖ ਨੇ ਆਪਣਾ ਖੇਤ ਪਰਮੇਸ਼ਵਰ ਦਾ ਦਾਸ ਹੋਣ ਲਈ ਛੱਡ ਦਿੱਤਾ। ਇੱਕ ਦਿਨ ਪਰਮੇਸ਼ਵਰ ਏਲੀਆ ਨੂੰ ਘੁਮੰਣ ਘੇਰੀ ਵਿੱਚ ਸਵਰਗ ਨੂੰ ਲੈ ਗਿਆ। ਹੁਣ ਅਲੀਸ਼ਾ ਇਸਰਾਏਲ ਲਈ
ਪਰਮੇਸ਼ਵਰ ਦਾ ਨਬੀ ਸੀ।


ਭਾਂਵੇ ਅਲੀਸ਼ਾ ਉਦਾਸ ਸੀ ਕਿਉਂਕਿ ਏਲੀਯਾਹ
ਚਲਾ ਗਿਆ ਸੀ, ਉਸਨੇ ਪ੍ਰਾਥਨਾ ਕੀਤੀ
ਪਰਮੇਸ਼ਵਰ ਉਸਨੂੰ ਏਲੀਯਾਹ ਵਾਂਗੂੰ ਸਾਮਰਥ
ਦੇਵੇਗਾ। ਅਲੀਸ਼ਾ ਨੇ ਏਲੀਯਾਹ ਦੀ ਚਾਦਰ
ਉਠਾ ਲਈ, ਅਤੇ ਵਗਦੇ ਨਦੀ ਦੇ ਪਾਣੀ
ਤੇ ਮਾਰਿਆ ਜਿਵੇਂ ਏਲੀਯਾਹ
ਨੇ ਕੀਤਾ ਸੀ। ਪਾਣੀ
ਵੰਡਿਆ ਗਿਆ! ਹੁਣ
ਅਲੀਸ਼ਾ ਜਾਣ ਗਿਆ
ਪਰਮੇਸ਼ਵਰ ਉਹਦੇ
ਨਾਲ ਹੈ



ਜਦ ਅਲੀਸ਼ਾ ਬੇਤਏਲ ਨਾ ਦੇ ਨਗਰ ਨੂੰ ਜਾ ਰਿਹਾ ਸੀ, ਕੁਝ ਮੁੰਡਿਆਂ ਨੇ ਉਸਨੂੰ ਬੁਲਾ ਕੇ ਮਜ਼ਾਕ ਉਡਾਇਆ, “ਚੜਿਆ ਜਾਹ ਗੰਜੇ ਸਿਰ ਵਾਲਿਆ!” ਉਹਨਾਂ ਨੇ ਧਿਆਨ ਨਾ ਦਿੱਤਾ ਕੀ ਅਲੀਸ਼ਾ ਪਰਮੇਸ਼ਵਰ ਦਾ ਦਾਸ ਹੈ। ਇੱਕ ਅਦਭੁਤ ਘਟਨਾ ਉਹਨਾਂ ਨਾਲ ਵਾਪਰੀ। ਬਣ ਵਿੱਚੋਂ ਦੋ ਰਿੱਛਣੀਆਂ ਆਈਆਂ ਅਤੇ ਬਤਾਲੀ ਮੁੰਡਿਆਂ ਨੂੰ ਪਾੜ ਛੱਡਿਆ।



ਇੱਕ ਦਿਨ ਅਲੀਸ਼ਾ
ਇੱਕ ਵਿਧਵਾ ਨੂੰ
ਮਿਲਿਆ ਜਿਸਨੇ
ਉਧਾਰ ਲਿਆ ਸੀ ਜੋ
ਉਹ ਵਾਪਸ ਨਾਂ ਕਰ
ਸਕੀ। ਆਪਣਾ ਪੈਸਾ
ਵਾਪਸ ਲੈਣ ਲਈ,
ਉਸਦਾ ਲੈਣਦਾਰ
ਵਿਧਵਾ ਦੇ ਦੋਨਾਂ
ਪੁੱਤਰਾਂ ਨੂੰ ਗੁਲਾਮ
ਦੇ ਰੂਪ ਵਿੱਚ ਲਿਜਾ
ਰਿਹਾ ਸੀ।



"ਜਾਂ ਆਪਣੇ ਸਾਰੇ
ਗੁਆਂਢੀਆਂ ਤੋ ਭਾਂਡੇ
ਇਕੱਠੇ ਕਰ ਲੈ ...
ਖਾਲੀ ਭਾਂਡੇ,"
ਅਲੀਸ਼ਾ ਨੇ
ਆਖਿਆ।
ਪਰਮੇਸ਼ਵਰ ਉਸ
ਔਰਤ ਦੇ ਲਈ
ਕੁਝ ਮਹਾਨ ਕਰਨ
ਜਾ ਰਿਹਾ ਸੀ।

ਵਿਧਵਾ ਦੇ ਕੋਲ ਘਰ ਵਿੱਚ ਸਿਰਫ਼ ਇੱਕ ਛੋਟੀ ਕੁੱਪੀ ਤੇਲ ਦੀ ਸੀ। ਪਰ ਉਸ ਛੋਟੀ ਕੁੱਪੀ ਤੋਂ ਉਸਨੇ ਉਹਨਾਂ ਸਾਰੇ ਭਾਡਿਆਂ ਨੂੰ ਭਰਨ ਲਈ ਕਾਫ਼ੀ ਤੇਲ ਪਾ ਲਿਆ ਸੀ! ਜੇਕਰ ਉਹਨਾਂ ਦਿਨਾਂ ਵਿੱਚ ਉਹਨਾਂ ਕੋਲ ਨਹਾਉਣ ਲਈ ਟੱਬ ਹੁੰਦਾਂ, ਤੁਸੀ ਸੋਚ ਸਕਦੇ ਹੋ ਕੀ ਪਰਮੇਸ਼ਵਰ ਨੇ ਉਹ ਵੀ ਭਰ ਦਿੱਤਾ ਹੁੰਦਾ? ਵਿਧਵਾ ਨੇ ਤੇਲ ਵੇਚਿਆ ਅਤੇ ਆਪਣੇ ਮੁੰਡਿਆਂ ਨੂੰ ਬਚਾ ਲਿਆ।



ਦੂਸਰੀ ਔਰਤ ਅਤੇ ਉਸਦੇ
ਪਤੀ ਨੇ ਆਪਣੇ ਘਰ ਵਿੱਚ
ਸਪੈਸ਼ਲ ਕਮਰਾ ਤਿਆਰ
ਕੀਤਾ ਤਾਂ ਕੀ ਜਦ ਅਲੀਸ਼ਾ
ਉੱਥੋਂ ਦੀ ਲੰਗੇ ਤਾਂ ਉੱਥੇ
ਰੁਕ ਸਕੇ। ਕਮਰੇ
ਵਿੱਚ ਉਹਨਾਂ ਨੇ
ਇੱਕ ਬਿਸਤਰ,
ਇੱਕ ਬੈਂਚ,
ਇੱਕ ਕੁਰਸੀ, ਅਤੇ
ਇੱਕ ਦੀਵਟ ਰੱਖ
ਦਿੱਤਾ। ਉਹ ਕਮਰਾ
ਅਲੀਸ਼ਾ ਲਈ ਹਮੇਸ਼ਾਂ
ਰਾਖਵਾਂ ਸੀ।



ਅਲੀਸ਼ਾ ਹੈਰਾਨ ਸੀ ਕੀ ਉਹ ਕਿਸ ਤਰ੍ਹਾਂ ਉਸ ਜੋੜੇ ਦੀ ਦੀਨਤਾ ਦਾ ਬਦਲਾ ਚੁਕਾ ਸਕੇ। ਜਦ ਉਸਨੇ ਮਹਿਸੂਸ ਕੀਤਾ ਕੀ ਉਹਨਾਂ ਦੇ ਬੱਚਾ ਨਹੀ ਹੈ, ਉਸਨੇ ਕੁਝ ਆਖਿਆ ਜਿਸ ਤੇ ਔਰਤ ਨੇ ਮੁਸ਼ਕਲ ਨਾਲ ਵਿਸ਼ਵਾਸ਼ ਕੀਤਾ।
“ਅਗਲੇ ਸਾਲ ਇਸ ਸਮੇਂ ਦੌਰਾਨ, ਤੁਹਾਡੇ ਇੱਕ ਬੱਚਾ ਪੈਦਾ ਹੋਵੇਗਾ।।”
ਨਿਸ਼ਚਿਤ ਰੂਪ ਵਿੱਚ, ਇੱਕ ਸਾਲ ਬਾਅਦ, ਇੱਕ ਬੱਚੇ ਨੇ ਜਨਮ ਲਿਆ।



ਕੁਝ ਸਾਲਾਂ ਬਾਅਦ ਉਹੀ ਬੱਚਾ ਆਪਣੇ ਪਿਤਾ ਨਾਲ ਖੇਤ ਵਿੱਚ ਸੀ। "ਮੇਰਾ ਸਿਰ, ਮੇਰਾ ਸਿਰ," ਉਹ ਬੱਚਾ ਚਿਲਾਇਆ।ਜਦ ਉਹ ਉਸ ਬੱਚੇ ਨੂੰ ਉਸਦੀ ਮਾਤਾ ਦੇ ਕੋਲ ਲੈਕੇ ਆਏ, ਉਹ ਉਸਦੀ ਗੋਦ ਵਿੱਚ ਦੁਪਹਿਰ ਤੱਕ ਬੈਠਾ ਰਿਹਾ, ਅਤੇ ਤਦ ਮਰ ਗਿਆ। ਮਾਤਾ ਨੇ ਬੱਚੇ ਨੂੰ ਅਲੀਸ਼ਾ ਦੇ ਕਮਰੇ ਵਿੱਚ ਬਿਸਤਰ ਉੱਤੇ ਲਿਟਾਇਆ। ਤੁਸੀ ਕੀ ਸੋਚਦੇ ਹੋ ਕੀ ਉਸਦੀ ਸਹਾਇਤਾ ਕੌਣ ਕਰ
ਸਕਦਾ ਹੈ?



ਕੀ ਤੁਸੀ ਕਿਹਾ ਅਲੀਸ਼ਾ? ਇਹ ਸਹੀ ਹੈ! ਉਸਨੇ ਗਧੇ ਉੱਤੇ ਕਾਠੀ ਕੱਸੀ ਅਤੇ ਤੇਜੀ ਨਾਲ ਉਸਨੂੰ ਲੱਭਣ ਲਈ ਚਲੀ ਗਈ। ਅਲੀਸ਼ਾ ਉਸਦੇ ਘਰ ਆਇਆ, ਇਕੱਲਾ ਉੱਪਰ ਗਿਆ ਅਤੇ ਪਰਮੇਸ਼ਵਰ ਦੇ ਸਾਹਮਣੇ ਪ੍ਰਾਥਨਾ ਕੀਤੀ। ਪਰਮੇਸ਼ਵਰ ਨੇ ਮੁੜ ਬੱਚੇ ਨੂੰ ਜਿੰਦਗੀ ਦੇ ਦਿੱਤੀ। ਅਲੀਸ਼ਾ ਨੇ ਔਰਤ ਨੂੰ ਬੁਲਾਇਆ ਅਤੇ ਆਖਿਆ, “ਆਪਣੇ ਬੱਚੇ ਨੂੰ ਉਠਾ ਲੈ।” ਉਹ ਕਿੰਨੀ ਖੁਸ਼ ਹੋਈ ਹੋਵੇਗੀ!





ਸੀਰੀਆ ਦੀ ਧਰਤੀ ਦੇ ਨੇੜੇ ਨਾਮਾਨ ਨਾ ਦਾ ਸੈਨਾ ਦਾ ਸਰਦਾਰ ਰਹਿੰਦਾ ਸੀ। ਉਹ ਬਹਾਦਰ ਅਤੇ ਤਾਕਤਵਰ ਸੀ, ਪਰ ਉਸ ਨੂੰ ਇੱਕ ਡਰਾਉਣਾ ਰੋਗ ਸੀ ਜਿਸ ਨੂੰ ਕੋਹੜ ਕਹਿੰਦੇ ਹਨ।

ਨਾਮਾਨ ਦੀ ਪਤਨੀ ਦੇ ਇੱਕ
ਛੋਟੀ ਗੁਲਾਮ ਲੜਕੀ ਸੀ ਜਿਸ
ਨੂੰ ਇਸਰਾਏਲ ਵਿੱਚੋਂ ਫੜ ਕੇ
ਲਿਆਂਦਾ ਸੀ। ਉਸ ਛੋਟੀ ਬੱਚੀ
ਨੇ ਆਖਿਆ, "ਜੇਕਰ ਨਾਮਾਨ
ਸਿਰਫ਼ ਉਸ ਨਬੀ ਕੋਲ ਹੁੰਦਾ
ਜਿਹੜਾ ਇਸਰਾਏਲ ਵਿੱਚ ਹੈ!
ਉਹ ਉਸ ਨੂੰ ਉਸਦੇ ਕੋੜ ਤੋਂ
ਚੰਗਾ ਕਰ ਦੇਵੇਗਾ।"



ਨਾਮਾਨ ਇੱਕ ਵਾਰ ਉਸ ਨਬੀ ਨੂੰ ਵੇਖਣ ਲਈ
ਚੱਲ ਪਿਆ। ਉਸਨੇ ਉਪਹਾਰ ਦੇਣ ਲਈ ਚਾਂਦੀ,
ਸੋਨਾ ਅਤੇ ਸੁੰਦਰ ਕੱਪੜੇ ਲਏ।





ਅਲੀਸ਼ਾ ਦਾ ਨੌਕਰ
ਬਾਹਰ ਆਇਆ ਅਤੇ
ਆਖਿਆ, "ਜਾਹ ਅਤੇ
ਸੱਤ ਵਾਰ ਯਰਦਨ ਨਦੀ
ਵਿੱਚ ਧੋ ਲੈ ਅਤੇ ਤੈਂ ਸਾਫ
ਹੋ ਜਾਵੇਂਗਾ।" ਨਾਮਾਨ ਅੱਗ
ਬਬੂਲਾ ਹੋਇਆ। ਕੀ ਉਹ
ਆਪਣੇ ਦੇਸ਼ ਸੀਰੀਆ ਦੀ
ਨਦੀ ਦੇ ਤਾਜੇ ਪਾਣੀ ਨਾਲ
ਨਹੀ ਧੋ ਸਕਦਾ ਸੀ? ਗੁੱਸੇ
ਨਾਲ, ਉਸਨੇ ਆਪਣਾ
ਰਸਤਾ ਘਰ ਵੱਲ ਨੂੰ ਕੀਤਾ।



ਨਾਮਾਨ ਦੀ ਖ਼ੁਸ਼ਕਿਸਮਤੀ ਨਾਲ,
ਉਸਦੇ ਨੌਕਰ ਨੇ ਉਸਨੂੰ ਅਲੀਸ਼ਾ
ਦੀ ਆਗਿਆ ਮੰਨਣ ਲਈ
ਕਿਹਾ। ਤਾਂ ਨਾਮਾਨ ਗਿਆ
ਅਤੇ ਯਰਦਨ ਨਦੀ ਵਿੱਚ
ਸੱਤ ਵਾਰ ਡੁੱਬਕੀ ਲਗਾਈ।
ਅਤੇ ਨਾਮਾਨ ਦਾ ਕੌੜ ਚੰਗਾ ਹੋ
ਗਿਆ! ਤਦ ਨਾਮਾਨ ਨੇ ਸੱਚੇ
ਪਰਮੇਸ਼ਵਰ ਦੀ ਉਪਾਸਨਾ ਕੀਤੀ,
ਅਲੀਸ਼ਾ ਦੇ ਪਰਮੇਸ਼ਵਰ ਦੀ, ਉਸ
ਪਰਮੇਸ਼ਵਰ ਦੀ ਜਿਸ ਨੇ ਉਸਨੂੰ
ਕੌੜ ਤੋਂ ਚੰਗਾ ਕੀਤਾ।



ਪਰਮੇਸ਼ਵਰ ਨੇ ਆਪਣੇ
ਦਾਸ ਅਲੀਸ਼ਾ ਨੂੰ ਉਸਦੇ
ਮਰਨ ਤੋਂ ਬਾਅਦ ਵੀ
ਇਸਤੇਮਾਲ ਕੀਤਾ।
ਇੱਕ ਦਿਨ, ਇੱਕ
ਆਦਮੀ ਨੂੰ ਉਸ ਕਬਰ
ਵਿੱਚ ਦਫ਼ਨਾਇਆ ਗਿਆ
ਜਿੱਥੇ ਬਹੁਤ ਦੇਰ ਪਹਿਲਾਂ
ਅਲੀਸ਼ਾ ਨੂੰ ਦਫ਼ਨਾਇਆ
ਗਿਆ ਸੀ।



ਜਦ ਆਦਮੀ ਦੇ ਮਰੇ ਹੋਏ ਸਰੀਰ ਨੇ ਨਬੀ ਦੀਆਂ ਹੱਡੀਆਂ ਨੂੰ ਛੂਹਿਆ, ਆਦਮੀ ਨੂੰ ਜੀਵਨ ਮਿਲ ਗਿਆ ਅਤੇ ਉਹ ਆਪਣੇ ਪੈਰਾਂ ਤੇ ਖੜਾ ਹੋ ਗਿਆ। ਸੱਚ - ਮੁੱਚ ਪਰਮੇਸ਼ਵਰ ਨੇ ਆਪਣੀ ਮਹਾਨ ਤਾਕਤ ਨੂੰ ਆਪਣੇ ਅਤੇ ਆਪਣੇ ਵਿਸ਼ਵਾਸ਼ ਯੋਗ ਦਾਸ ਅਲੀਸ਼ਾ ਦੇ ਦੁਆਰਾ ਵਿਖਾਇਆ।

# ਅਲੀਸ਼ਾ, ਚਮਤਕਾਰਾਂ ਦਾ ਮਨੁੱਖ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

2 ਰਾਜਿਆਂ ਨੂੰ 2 - 13

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16